No: DO/1508/2018

ਜਗਮੋਹਨ ਸਿੰਘ ਕੰਗ
JAGMOHAN SINGH KANG
M.A., LL.B.

ਮੈਂਬਰ, ਆਲ ਇੰਡਿਆ ਕਾਂਗਰਸ ਕਮੇਟੀ।
ਮੀਤ ਪ੍ਰਧਾਨ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ।
ਸਾਬਕਾ ਕੈਬਨਿਟ ਮੰਤਰੀ, ਪੰਜਾਬ ਅਤੇ ਐਮ. ਐਲ. ਏ.ਖਰੜ.

Member, All India Congress Committee.
Vice-President, Punjab Pradesh Congress Committee.
Former Cabinet Minister, Punjab & M.L.A. Kharar.

08-08-2018

ਵਿਸ਼ਾ:- ਮਿਊਂਸੀਪਲ ਕਮੇਟੀ ਨਵਾਂ ਗਾਂਓ- ਕਾਂਸਲ (ਨੇੜੇ ਚੰਡੀਗੜ੍ਹ), ਜਿਲ੍ਹਾ ਐਸ.ਏ.ਐਸ.ਨਗਰ/ਮੋਹਾਲੀ ਵਿਖੇ ਨਰਕ ਵਿੱਚ ਰਹਿ ਰਹੀ ਬਹੁਤ ਵੱਡੀ ਅਬਾਦੀ ਵਾਸਤੇ ਲੋਕ ਹਿੱਤ ਵਿੱਚ ਸੀਵਰੇਜ ਸਿਸਟਮ ਪਾਉਣ ਬਾਰੇ।

ਮੈਂ ਆਪ ਜੀ ਦਾ ਧਿਆਨ ਮੇਰੇ ਵਿਧਾਨ ਸਭਾ ਹਲਕਾ ਖਰੜ, ਜਿਲ੍ਹਾ ਐਸ.ਏ.ਐਸ.ਨਗਰ/ਮੋਹਾਲੀ ਵਿੱਚ ਸਥਿਤ ਮਿਊਂਸੀਪਲ ਕਮੇਟੀ ਨਵਾਂ ਗਾਂਓ ਵਿੱਚ ਸੀਵਰੇਜ ਸਿਸਟਮ ਦੀ ਅਣਹੋਂਦ ਬਾਰੇ ਲਿਆਉਣਾ ਚਾਹੁੰਦਾ ਹਾਂ। ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 10/16/20012103/4976 ਮਿਤੀ 18.10.2006 ਰਾਹੀਂ ਨਾਡਾ ਅਤੇ ਕਾਂਸਲ ਨੂੰ ਨਵਾਂ ਗਾਂਓ ਨਾਲ ਜੋੜਦੇ ਹੋਏ ਨਗਰ ਪੰਚਾਇਤ ਦਾ ਗਠਨ ਕੀਤਾ ਗਿਆ। ਸਾਲ 2011 ਦੀ ਜਨਗਣਨਾ ਅਨੁਸਾਰ ਇਸ ਟਾਊਨ ਦੀ ਜੰਨਸੰਖਿਆ 50755 ਹੈ ਅਤੇ ਮੌਜੂਦਾ ਜਨਸੰਖਿਆ 56149 ਹੈ। ਨਵਾਂ ਗਾਂਓ ਵਿੱਚ ਇਸ ਸਮੇਂ ਸੀਵਰ ਸਿਸਟਮ ਦੀ ਕੋਈ ਸਹੂਲਤ ਨਹੀ ਹੈ।

ਨਵਾਂ ਗਾਂਓ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਬਾਰਡਰ ਦੇ ਬਿੱਲਕੁੱਲ ਨਾਲ ਲਗਦਾ ਹੈ ਅਤੇ ਪੰਜਾਬ ਰਾਜ ਦੇ ਮਾਣਯੋਗ ਮੁੱਖ ਮੰਤਰੀ ਅਤੇ ਮੰਤਰੀ ਸਾਹਿਬਾਨ ਦੀਆਂ ਸਰਕਾਰੀ ਰਿਹਾਇਸ਼ਾਂ ਤੋਂ ਕੇਵਲ 500 ਮੀਟਰ ਦੀ ਦੂਰੀ ਉੱਪਰ ਸਥਿਤ ਹੈ। ਨਵਾਂ ਗਾਂਓ ਵਿੱਚ ਸੀਵਰੇਜ ਸਿਸਟਮ ਦੀ ਵਿਵਸਥਾ ਨਾ ਹੋਣ ਕਰਕੇ ਬੇਹੱਦ ਗੰਦਗੀ ਹੈ ਅਤੇ ਨਵਾਂ ਗਾਂਓ ਵਾਸੀ ਇਸ ਮੁੱਢਲੀ ਸਹੂਲਤ ਤੋਂ ਵੰਚਿਤ ਹਨ। ਜਿਸ ਕਾਰਨ "ਦੀਵੇ ਥੱਲੇ ਹਨੇਰੇ ਵਾਲੀ ਸਥਿਤੀ ਹੈ।" ਨਵਾਂ ਗਾਂਓ ਵਾਸੀਆਂ ਨੂੰ ਸੀਵਰੇਜ ਸਿਸਟਮ ਦੀ ਵਿਵਸਥਾ ਮੁਹਈਆ ਕਰਵਾਉਣ ਲਈ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ **C.W.P. No. 1934** ਆਫ 2010 ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ 58.01 ਕਰੋੜ ਦੀ ਡੀਟੇਲ ਪ੍ਰੋਜੈਕਟ ਰਿਪੋਰਟ ਤਿਆਰਰ ਕੀਤੀ ਗਈ। ਇਸ ਡੀਟੇਲ ਪ੍ਰੋਜੈਕਟ ਰਿਪੋਰਟ ਵਿੱਚ ਐਸ.ਟੀ.ਪੀ. ਬਣਾਉਣ ਦੀ ਵਿਵਸਥਾ ਮਾਸਟਰ ਪਲਾਨ ਵਿੱਚ ਨਿਰਧਾਰਤ ਕੀਤਾ ਗਈ ਜਗ੍ਹਾਂ ਤੇ ਐਸ.ਟੀ.ਪੀ. ਨਾ ਬਣਾਉਣ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ **C.W.P. No. 5543** ਆਫ 2014 ਸਰੀਤਾ ਕੋਸ਼ਿਕ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ ਵਿੱਚ ਪਟੀਸ਼ਨਰਾਂ ਵਲੋਂ ਬੇਨਤੀ ਕੀਤੀ ਗਈ ਸੀ, ਕਿ ਐਸ.ਟੀ.ਪੀ. ਬਣਾਉਣ ਦੀ ਜਗ੍ਹਾਂ ਮਾਸਟਰ ਪਲਾਨ ਵਿੱਚ ਨਿਰਧਾਰਤ ਕੀਤੀ ਗਈ ਜਗ੍ਹਾਂ ਤੇ ਬਦਲੇ ਕੇ ਕੋਈ ਹੋਰ ਜਗ੍ਹਾਂ ਤੇ ਕੀਤੀ ਜਾਵੇ। ਉਪਰੰਤ ਡਿਪਟੀ ਕਮਿਸ਼ਨਰ ਮੋਹਾਲੀ ਵਲੋਂ ਮਿਤੀ 27.12.2012 ਦੀ ਮੀਟਿੰਗ ਵਿੱਚ ਸ਼ਾਮਲਾਟ ਜਗ੍ਹਾਂ ਤੇ ਐਸ.ਟੀ.ਪੀ. ਬਣਾਉਣ ਦੀ ਸਿਫਾਰਸ਼ ਕੀਤੀ ਗਈ। ਇਸ ਕੇਸ ਦੇ ਫੈਸਲੇ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਮਾਸਟਰ ਪਲਾਨ ਵਿੱਚ ਨਿਰਧਾਰਤ ਕੀਤੀ ਜਗ੍ਹਾਂ ਤੇ ਪਟੀਸ਼ਨਰਾਂ ਵੱਲੋਂ ਬਿਨ੍ਹਾ ਬਿਲਡਿੰਗ ਪਲਾਨ ਮੰਨਜ਼ੂਰ ਕਰਵਾਈ ਉਸਾਰੀਆਂ ਕੀਤੀਆਂ ਹੋਣ ਕਰਕੇ ਉਹਨ੍ਹਾਂ ਦੀ ਬੇਨਤੀ ਨੂੰ ਡਿਸਮਿਸ ਕਰ ਦਿੱਤਾ। ਇਸ ਉਪਰੰਤ ਮਿਤੀ 02.12.2016 ਨੂੰ ਇਕ ਹੋਰ **C.W.P. No. 25589** ਆਫ 2016 ਚੰਦਰਾ ਦੇਣੀ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਦਾਇਰ ਹੋਈ ਜਿਸ ਵਿੱਚ ਕੋਰਟ ਵੱਲੋਂ ਮਿਤੀ 08.05.2017 ਲਈ ਨੋਟਿਸ ਆਫ ਮੋਸ਼ਨ ਕੀਤੀ ਗਿਆ ਅਤੇ ਹੇਠ ਅਨੁਸਾਰ ਹੁਕਮ ਜਾਰੀ ਕੀਤੇ, **"Meanwhile Status-quo re: demolition and/or further construction at the site be maintained"**

ਕਿਉਂਕਿ ਇਹ ਮਸਲਾ ਕੋਰਟ ਵਿੱਚ ਲੰਬਿਤ ਹੈ ਅਤੇ ਇਸ ਤਰ੍ਹਾਂ ਦੇ ਹੋਰ ਵੀ ਬਹੁਤ ਕੇਸ ਹੋਣ ਦੀ ਆਸ ਹੈ। ਇਸ ਲਈ ਨਵਾਂ ਗਾਂਓ ਵਾਸੀਆਂ ਨੂੰ ਸੀਵਰੇਜ ਦੀ ਸਹੂਲਤ ਨਹੀ ਮਿਲ ਰਹੀ। ਜੇਕਰ ਨਵਾਂ ਗਾਂਓ ਵਾਸੀਆਂ ਨੂੰ ਤੁਰੰਤ ਸੀਵਰੇਜ ਦੀ ਸਹੂਲਤ ਪ੍ਰਦਾਨ ਕਰਨੀ ਹੈ ਤਾਂ ਮਾਸਟਰ ਪਲਾਨ ਵਿੱਚ ਨਿਰਧਾਰਤ ਕੀਤੀ ਐਸ.ਟੀ.ਪੀ. ਦੀ ਜਗ੍ਹਾਂ ਨੂੰ ਬਦਲਣ ਦੀ ਲੋੜ ਹੈ। ਇਸ ਜਗ੍ਹਾਂ ਦੇ ਬਿਲਕੁੱਲ ਨਾਲ ਲੱਗਦੀ ਪਟਿਆਲਾ ਕੀ ਰਾਉ ਦੇ ਦੂਸਰੇ ਪਾਸੇ ਨਿੱਜੀ ਜਮੀਨ ਵਿੱਚ ਐਸ.ਟੀ.ਪੀ. ਦੀ ਉਸਾਰੀ ਕੀਤੀ ਜਾ ਸਕਦੀ ਹੈ, ਕਿਉਂਕਿ ਇਹ ਜਗ੍ਹਾਂ ਤਕਨੀਕੀ ਤੌਰ ਤੇ ਵੀ ਸਹੀ ਹੈ।

ਉਪਰੋਕਤ ਦਰਸਾਏ ਹਾਲਾਤਾਂ ਵਿੱਚ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਮੈਂ ਆਪ ਜੀ ਨੂੰ ਪੁਰਜ਼ੋਰ ਸਿਫਾਰਿਸ਼ ਕਰਦਾ ਹਾਂ ਕਿ ਮਾਸਟਰ ਪਲਾਨ ਵਿੱਚ ਐਸ.ਟੀ.ਪੀ. ਦੀ ਜਗ੍ਹਾਂ ਤਬਦੀਲ ਕਰਕੇ ਨਵਾਂ ਗਾਂਓ ਵਿੱਚ ਸੀਵਰੇਜ ਸਿਸਟਮ ਲਗਾਉਣ ਦਾ ਕੰਮ ਤੁਰੰਤ ਕਰਵਾਇਆ ਜਾਵੇ ਤਾਂ ਜੋ ਪਿੱਛਲੇ ਲੰਬੇ ਸਮੇਂ ਤੋਂ ਆਣ-ਮਨੁੱਖੀ ਹਾਲਾਤ ਵਿੱਚ ਰਹਿਣ ਲਈ ਮਜਬੂਰ ਆਮ ਲੋਕਾਂ ਨੂੰ ਰਾਹਤ ਮਿਲ ਸਕੇ ਅਤੇ ਭਿਆਨਕ ਬਿਮਾਰੀਆਂ ਤੋਂ ਬਚਿਆ ਜਾ ਸਕੇ।

ਸ਼ੁਭ ਇੱਛਾਵਾਂ ਅਤੇ ਆਦਰ ਸਹਿਤ।

ਹਿਤੂ,

ਜ. ਸਿ. ਕੰਗ

(ਜਗਮੋਹਨ ਸਿੰਘ ਕੰਗ)

ਸ. ਨਵਜੋਤ ਸਿੰਘ ਸਿਧੂ,
ਮਾਨਯੋਗ ਸਥਾਨਕ ਸਰਕਾਰ ਮੰਤਰੀ, ਪੰਜਾਬ,
ਚੰਡੀਗੜ੍ਹ।

ਉਤਾਰਾ : ਸ਼੍ਰੀ ਏ.ਵੇਣੂ ਪ੍ਰਸਾਦ, ਆਈ.ਏ.ਐਸ., ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ, ਪੰਜਾਬ, ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

# 1539, Sector 18-D, Chandigarh, UT. (India) Ph. (R) 0172- 2728585, (M) 09814055077.
E-mail : jagmohanskang@gmail.com | jagmohansinghkang@yahoo.com

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ. ਬੋਰਡ
ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।

ਪਿੱਠ ਅੰਕਣ ਨੰ: ਪਵਸਸਬ-2018/ਵ-3/ 16379 ਮਿਤੀ: 7/9/18

ਉਪਰੋਕਤ ਦੀ ਨਕਲ ਸਮੇਤ ਸਹਿੱਲਗ ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿਸੇ ਅੰਕਿਤ ਮਾਮਲੇ ਤੇ ਲੋੜੀਂਦੀ ਕਾਰਵਾਈ ਕਰਨ ਉਪਰੰਤ ਢੁਕਵਾਂ ਜਵਾਬ ਸਿੱਧੇ ਤੌਰ ਤੇ ਸਬੰਧਤ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਉਸ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ।

ਨੱਥੀ/ਉਕਤ ਅਨੁਸਾਰ